# ਲਿਥੀਅਮ-ਆਇਨ ਬੈਟਰੀ ਸੁਰੱਖਿਆ

ਲਿਥੀਅਮ-ਆਇਨ ਬੈਟਰੀਆਂ ਦੋਬਾਰਾ ਚਾਰਜ ਕਰਨ ਯੋਗ ਹੁੰਦੀਆਂ ਹਨ ਅਤੇ ਰਵਾਇਤੀ ਬੈਟਰੀਆਂ ਨਾਲੋਂ ਘੱਟ ਜਗ੍ਹਾ ਵਿੱਚ ਵਧੇਰੇ ਊਰਜਾ ਸਟੋਰ ਕਰਦੀਆਂ ਹਨ। ਜਦੋਂ ਇਹ ਸੁਰੱਖਿਅਤ ਤਰੀਕੇ ਨਾਲ ਚਾਰਜ ਨਹੀਂ ਕੀਤੀਆਂ ਜਾਂਦੀਆਂ ਹਨ, ਤਾਂ ਲਿਥੀਅਮ-ਆਇਨ ਬੈਟਰੀਆਂ ਅੱਗਾਂ ਲੱਗਣ ਦਾ ਕਾਰਨ ਬਣ ਸਕਦੀਆਂ ਹਨ ਜੋ:

- ਬੁਝਾਉਣੀਆਂ ਮੁਸ਼ਕਿਲ ਹੁੰਦੀਆਂ ਹਨ
- ਦੋਬਾਰਾ ਬਲ ਸਕਦੀਆਂ ਹਨ ਭਾਵੇਂ ਉਹ ਬੁਝ ਗਈਆਂ ਜਾਪਦੀਆਂ ਹਨ
- ਜ਼ਹਿਰੀਲਾ ਧੂੰਆਂ ਅਤੇ ਵਿਸਫੋਟਕ ਗੈਸ ਪੈਦਾ ਕਰਦੀਆਂ ਹਨ।

## ਆਪਣੇ ਯੰਤਰਾਂ ਨੂੰ ਜਾਣੋ

- ਬੈਟਰੀ ਨਾਲ ਚੱਲਣ ਵਾਲੇ ਸੰਦ
- ਲੈਪਟਾਪ
- ਬਿਨਾਂ ਤਾਰ ਵਾਲੇ (ਕੋਰਡਲੈੱਸ) ਵੈਕਯੂਮ
- ਬੱਚੇ ਦਾ ਖਿਡੌਣਾ
- ਫ਼ੋਨ
- ਇਲੈਕਟ੍ਰਿਕ ਟੁੱਥਬਰੱਸ਼
- ਈ-ਸਕੂਟਰ ਜਾਂ ਈ-ਬਾਈਕ
- ਕੈਮਰਾ

ਇਹਨਾਂ ਸ਼ਬਦਾਂ ਦੀ ਭਾਲ ਕਰੋ — lithium-ion , Li-ion , li-po , lithium-polymer , Li+

## ਸੁਰੱਖਿਅਤ ਤਰੀਕੇ ਨਾਲ ਚਾਰਜ ਕਿਵੇਂ ਕਰੀਏ

✓ ਪੂਰੀ ਤਰ੍ਹਾਂ ਚਾਰਜ ਹੋਣ 'ਤੇ ਪਲੱਗ ਨੂੰ ਕੱਢ ਦਿਓ।

- ✗ ਹੱਦੋਂ ਜ਼ਿਆਦਾ ਚਾਰਜ ਨਾ ਕਰੋ।
- ✗ ਜਦੋਂ ਤੁਸੀਂ ਸੌਂਦੇ ਹੋ ਤਾਂ ਚਾਰਜ ਨੂੰ ਲੱਗਿਆ ਨਾ ਛੱਡੋ।

✓ ਸਖਤ ਸਤ੍ਹਾ 'ਤੇ ਰੱਖ ਕੇ ਚਾਰਜ ਕਰੋ।

- ✗ ਬਿਸਤਰੇ ਜਾਂ ਸੋਫ਼ੇ ਵਰਗੇ ਨਰਮ ਸਤ੍ਹਾ 'ਤੇ ਰੱਖ ਕੇ ਚਾਰਜ ਨਾ ਕਰੋ।
- ✗ ਆਪਣੇ ਯੰਤਰ ਲਈ ਵੱਖਰੇ ਚਾਰਜਰ ਦੀ ਵਰਤੋਂ ਨਾ ਕਰੋ।

✓ ਠੰਢੀ ਸੁੱਕੀ ਥਾਂ ਵਿੱਚ ਚਾਰਜ ਕਰੋ।

- ✗ ਸਿੱਧੀ ਧੁੱਪ ਵਿੱਚ ਚਾਰਜ ਨਾ ਕਰੋ।
- ✗ ਜੇ ਬੈਟਰੀ ਖਰਾਬ ਹੋ ਗਈ ਹੈ ਤਾਂ ਚਾਰਜ ਨਾ ਕਰੋ।







## ਲਿਥੀਅਮ-ਆਇਨ ਬੈਟਰੀਆਂ ਨੂੰ ਸੁਰੱਖਿਅਤ ਢੰਗ ਨਾਲ ਸੁੱਟਣਾ

ਕੀ ਤੁਹਾਡੀ ਲਿਥੀਅਮ-ਆਇਨ ਬੈਟਰੀ:

- ਵਿੱਚੋਂ ਬਦਬੂ ਆ ਰਹੀ ਹੈ?
- ਅਜੀਬ ਤਰ੍ਹਾਂ ਦੀ ਆਵਾਜ਼ ਕਰਦੀ ਹੈ?
- ਚਾਰਜ ਕਰਦੇ ਸਮੇਂ ਗਰਮ ਮਹਿਸੂਸ ਹੁੰਦੀ ਹੈ?
- ਵੱਖਰੇ ਰੰਗ ਦੀ ਵਿਖਾਈ ਦਿੰਦੀ ਹੈ?
- ਵਿੱਚੋਂ ਤਰਲ ਰਿਸ ਰਿਹਾ ਹੈ?

**ਨਹੀਂ**

**ਬੈਟਰੀ ਖਰਾਬ ਨਹੀਂ ਹੋਈ ਹੈ।**

ਆਪਣੇ ਨਜ਼ਦੀਕੀ ਰੀਸਾਈਕਲ ਕਰਨ ਵਾਲੀ ਜਗ੍ਹਾ ਨੂੰ ਲੱਭਣ ਲਈ bcycle.com.au 'ਤੇ ਜਾਓ।

ਇਸ ਨੂੰ ਘਰੇਲੂ, ਰੀਸਾਈਕਲ ਕਰਨ ਵਾਲੇ ਜਾਂ ਜਨਤਕ ਕੂੜੇਦਾਨ ਵਿੱਚ ਨਾ ਸੁੱਟੋ।

**ਹਾਂ**

**ਬੈਟਰੀ ਖਰਾਬ ਹੋ ਗਈ ਹੈ।**

ਜੇ ਇਹ ਸੁਰੱਖਿਅਤ ਹੈ, ਤਾਂ ਯੰਤਰ ਦਾ ਪਲੱਗ ਕੱਢੋ ਅਤੇ ਇਸ ਨੂੰ ਹੋਰ ਜਲਣਸ਼ੀਲ ਚੀਜ਼ਾਂ ਤੋਂ ਦੂਰ ਲੈ ਜਾਓ।

ਐਮਰਜੈਂਸੀ ਵਿੱਚ ਮਦਦ ਲਈ ਟ੍ਰਿਪਲ ਜ਼ੀਰੋ (000) ਨੂੰ ਫ਼ੋਨ ਕਰੋ।

## ਐਮਰਜੈਂਸੀ ਜਾਣਕਾਰੀ

ਜੇ ਬੈਟਰੀ ਵਿੱਚੋਂ ਅੱਗ, ਧੂੰਆਂ ਜਾਂ ਚਿੱਟਾ ਬੱਦਲ ਨਿਕਲਦਾ ਹੈ, ਜਾਂ ਤੁਸੀਂ ਕੋਈ ਫ਼ਟਣ ਵਾਲੀ ਅਤੇ ਫੁੰਕਾਰਨ ਦੀ ਆਵਾਜ਼ ਸੁਣਦੇ ਹੋ:

- ਬੈਟਰੀ ਨੂੰ ਨਾ ਛੂਹੋ।
- ਸਾਰਿਆਂ ਨੂੰ ਚੇਤਾਵਨੀ ਦਿਓ ਅਤੇ ਕਿਸੇ ਸੁਰੱਖਿਅਤ ਸਥਾਨ ‘ਤੇ ਚਲੇ ਜਾਓ।
- ਬੈਟਰੀ ਦੇ ਆਲੇ-ਦੁਆਲੇ ਵਾਲੀ ਹਵਾ ਵਿੱਚ ਸਾਹ ਨਾ ਲਓ।
- ਟ੍ਰਿਪਲ ਜ਼ੀਰੋ (000) ਨੂੰ ਤੁਰੰਤ ਫ਼ੋਨ ਕਰੋ ਅਤੇ ਐਮਰਜੈਂਸੀ ਸੇਵਾਵਾਂ ਦੇ ਆਉਣ ਦੀ ਉਡੀਕ ਕਰੋ।



© ਕੁਈਨਜ਼ਲੈਂਡ ਰਾਜ (ਕੁਈਨਜ਼ਲੈਂਡ ਫਾਇਰ ਐਂਡ ਐਮਰਜੈਂਸੀ ਸਰਵਿਸਿਜ਼) 2023.
ਇਸ ਦਸਤਾਵੇਜ਼ ਵਿੱਚ ਟ੍ਰੇਡਮਾਰਕ ਅਤੇ ਚਿੱਤਰਾਂ ਨੂੰ ਛੱਡ ਕੇ ਸਾਰੀ ਕੁਈਨਜ਼ਲੈਂਡ ਫਾਇਰ ਅਤੇ ਐਮਰਜੈਂਸੀ ਸੇਵਾਵਾਂ ਦੀ ਸਮੱਗਰੀ ਕ੍ਰਿਏਟਿਵ ਕੌਮਨਜ਼ ਐਟਰੀਬਿਊਸ਼ਨ 4.0 ਦੇ ਅਧੀਨ ਲਾਇਸੈਂਸਸ਼ੁਦਾ ਹੈ।